# ਪਿੱਠਭੂਮੀ 3

ਤੁਰੰਤ ਜਾਰੀ ਕਰਨ ਲਈ ਵਿੱਤ ਮੰਤਰਾਲਾ
28 ਫ਼ਰਵਰੀ, 2023

## ਬੀ.ਸੀ. ਦੇ ਭਾਈਚਾਰਿਆਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣਾ

ਚਾਹੇ ਤੁਸੀਂ ਬੀ.ਸੀ. ਵਿੱਚ ਕਿਤੇ ਵੀ ਰਹਿੰਦੇ ਹੋਵੋਂ, ਪਿਛਲੇ ਕਈ ਸਾਲਾਂ ਦੀਆਂ ਚੁਣੌਤੀਆਂ ਨੇ ਸੁਰੱਖਿਅਤ ਅਤੇ ਸਿਹਤਮੰਦ ਬਣੇ ਰਹਿਣ ਦੀ ਮਹੱਤਤਾ ਨੂੰ ਮਜ਼ਬੂਤ ਕੀਤਾ ਹੈ। ਬੱਜਟ 2023 ਇਹ ਯਕੀਨੀ ਬਣਾਉਣ ਲਈ ਯੋਜਨਾਬੱਧ ਨਿਵੇਸ਼ ਕਰਦਾ ਹੈ ਕਿ ਲੋਕ ਉਹਨਾਂ ਸੇਵਾਵਾਂ ਅਤੇ ਸੰਭਾਲ ਤੱਕ ਪਹੁੰਚ ਕਰਨਾ ਜਾਰੀ ਰੱਖ ਸਕਣ, ਜਿੰਨ੍ਹਾਂ ਦੀ ਉਹਨਾਂ ਨੂੰ ਲੋੜ ਹੈ, ਅਤੇ ਜਦੋਂ ਉਹਨਾਂ ਨੂੰ ਇਸ ਦੀ ਲੋੜ ਹੈ, ਅਤੇ ਉਹ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਅਤ ਅਤੇ ਮਹਿਫੂਜ਼ ਮਹਿਸੂਸ ਕਰ ਸਕਣ।

### ਬੀ.ਸੀ. ਦੇ ਹੈਲਥ-ਕੇਅਰ ਸਿਸਟਮ ਵਿੱਚ ਵਾਧਾ ਕਰਨਾ

ਹਰ ਕਿਸੇ ਦੀ ਉਸ ਸੰਭਾਲ ਤੱਕ ਪਹੁੰਚ ਹੋਣੀ ਚਾਹੀਦੀ ਹੈ, ਜਿਸ ਦੀ ਉਹਨਾਂ ਨੂੰ ਲੋੜ ਹੈ, ਅਤੇ ਜਦੋਂ ਉਹਨਾਂ ਨੂੰ ਇਸ ਦੀ ਲੋੜ ਹੈ। ਇਹ ਜ਼ਰੂਰੀ ਹੈ ਕਿ ਸਰਕਾਰੀ ਨਿਵੇਸ਼ ਉਸ ਯੋਗਦਾਨ ਦੇ ਮਹੱਤਵ ਦੀ ਝਲਕ ਦੇਣ, ਜੋ ਹਜ਼ਾਰਾਂ ਡਾਕਟਰ, ਨਰਸਾਂ, ਤਕਨੀਸ਼ੀਅਨ, ਹੈਲਥ-ਕੇਅਰ ਵਰਕਰ ਅਤੇ ਸੁੱਪੋਰਟ ਸਟਾਫ ਹਰ ਰੋਜ਼ ਬੀ.ਸੀ. ਦੇ ਭਾਈਚਾਰਿਆਂ ਵਿੱਚ ਦਿੰਦੇ ਹਨ।

ਬੱਜਟ 2023, ਤਿੰਨ ਸਾਲਾਂ ਦੌਰਾਨ $6.4 ਬਿਲੀਅਨ ਦੇ ਨਵੇਂ ਨਿਵੇਸ਼ ਰਾਹੀਂ ਬ੍ਰਿਟਿਸ਼ ਕੋਲੰਬੀਆ ਦੀ ਸਿਹਤ ਅਤੇ ਮਾਨਸਿਕ ਸਿਹਤ-ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਅਗਲੇ ਕਦਮ ਚੁੱਕਦਾ ਹੈ।

- ਜਿਵੇਂ-ਜਿਵੇਂ ਲੋਕਾਂ ਦੀ ਉਮਰ ਵੱਧ ਰਹੀ ਹੈ ਅਤੇ ਵਧੇਰੇ ਲੋਕ ਬੀ.ਸੀ. ਵਿੱਚ ਰਹਿਣ ਆ ਰਹੇ ਹਨ, ਬੱਜਟ 2023 ਵਧਦੀ ਮੰਗ ਅਤੇ ਵਧਦੀਆਂ ਲਾਗਤਾਂ ਵਿੱਚ ਮਦਦ ਕਰਨ ਲਈ, $2.6 ਬਿਲੀਅਨ ਦੇਣ ਲਈ ਵਚਨਬੱਧ ਹੈ। ਇਸ ਨਿਵੇਸ਼ ਦੇ ਹਿੱਸੇ ਵਜੋਂ, ਸੂਬੇ ਭਰ ਵਿੱਚ ਭਾਈਚਾਰਿਆਂ ਵਿੱਚ ਕੈਂਸਰ ਸੰਭਾਲ ਸੇਵਾਵਾਂ ਦਾ ਵਿਸਤਾਰ ਕਰਨ ਅਤੇ ਇਹਨਾਂ ਵਿੱਚ ਵਾਧਾ ਕਰਨ ਲਈ $270 ਮਿਲੀਅਨ 'ਬੀ ਸੀ ਕੈਂਸਰ ਕੇਅਰ ਪਲਾਨ' (ਬੀ ਸੀ ਕੈਂਸਰ ਸੰਭਾਲ ਯੋਜਨਾ) ਵੱਲ ਜਾਣਗੇ। ਇਹ 'ਬੀ ਸੀ ਕੈਂਸਰ ਫਾਊਂਡੇਸ਼ਨ' ਕੋਲ ਸੰਪੂਰਕ ਅੰਦਾਜ਼ਿਆਂ ਮੁਤਾਬਕ ਜਾ ਰਹੇ $150 ਮਿਲੀਅਨ ਤੋਂ ਇਲਾਵਾ ਹੈ।
- ਬੀ.ਸੀ. ਦੀ ਸਿਹਤ ਸੰਭਾਲ ਲਈ ਕਾਰਜਬਲ ਕਾਰਜਨੀਤੀ, ਜੋ ਪਹਿਲੀ ਵਾਰ ਸਤੰਬਰ 2022 ਵਿੱਚ ਸ਼ੁਰੂ ਕੀਤੀ ਗਈ ਸੀ, ਵਿੱਚ ਤਿੰਨ ਸਾਲਾਂ ਵਿੱਚ $995 ਮਿਲੀਅਨ ਦਾ ਵਾਧਾ ਕੀਤਾ ਜਾਵੇਗਾ, ਤਾਂ ਜੋ ਸਟਾਫ ਨੂੰ ਭਰਤੀ ਕਰਨ ਅਤੇ ਬਰਕਰਾਰ ਰੱਖਣ, ਕੰਮ ਦੇ ਬੋਝ ਨੂੰ ਮੁੜ ਬੇਹਤਰ ਕਰਨ ਅਤੇ ਮੁੜ-ਸੰਤੁਲਿਤ ਕਰਨ, ਰਿਕੰਸਲੀਏਸ਼ਨ (ਮੇਲ-ਮਿਲਾਪ) ਅਤੇ ਸੱਭਿਆਚਾਰਕ ਸੁਰੱਖਿਆ ਨੂੰ ਸ਼ਾਮਲ ਕਰਨ, ਅਤੇ ਸਿਹਤ-ਸੰਭਾਲ ਪੇਸ਼ੇਵਰਾਂ ਦੇ ਪੂਰੇ ਦਾਇਰੇ ਲਈ ਸਿਖਲਾਈ ਅਤੇ ਸਿੱਖਿਆ ਸੀਟਾਂ ਦਾ ਵਿਸਤਾਰ ਕਰਨ ਵਿੱਚ ਮਦਦ ਕੀਤੀ ਜਾ ਸਕੇ।
- ਫੈਮਿਲੀ ਡਾਕਟਰਾਂ ਲਈ ਬੀ.ਸੀ. ਦਾ ਨਵਾਂ ਭੁਗਤਾਨ ਮਾਡਲ, ਡਾਕਟਰਾਂ ਅਤੇ ਉਨ੍ਹਾਂ ਦੇ ਮਰੀਜ਼ਾਂ ਨੂੰ ਪ੍ਰਮੁੱਖ ਰੱਖਦੇ ਹੋਏ ਬਣਾਇਆ ਗਿਆ ਹੈ। ਬੱਜਟ 2023 ਨਵੇਂ ਮਾਡਲ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਲਈ ਅਤੇ ਇਹ ਯਕੀਨੀ ਬਣਾਉਣ ਲਈ $1 ਬਿਲੀਅਨ ਤੋਂ ਵੱਧ ਪ੍ਰਦਾਨ ਕਰਦਾ ਹੈ ਕਿ ਡਾਕਟਰਾਂ ਨੂੰ ਉਹਨਾਂ ਵੱਲੋਂ ਦਿੱਤੀ ਜਾਂਦੀ ਮੁੱਢਲੀ ਸੰਭਾਲ ਅਤੇ ਵਿਆਪਕ ਹੈਲਥ-ਕੇਅਰ ਸਿਸਟਮ ਤੱਕ ਪਹੁੰਚ ਵਿੱਚ ਉਹਨਾਂ ਦੇ ਅਹਿਮ ਯੋਗਦਾਨ ਵਾਸਤੇ, ਉਹਨਾਂ ਨੂੰ ਬੇਹਤਰ ਮਾਨਤਾ ਦਿੱਤੀ ਜਾਂਦੀ ਹੈ।
- ਕੋਵਿਡ-19 ਦੇ ਚੱਲ ਰਹੇ ਪ੍ਰਬੰਧਨ ਅਤੇ ਸਿਹਤ ਪ੍ਰਤੀਕਿਰਿਆ ਵਿੱਚ ਮਦਦ ਕਰਨ ਲਈ, ਬੱਜਟ 2023 ਵਿੱਚ ਬੀ.ਸੀ. ਦੀ ਕੋਵਿਡ-19 ਪ੍ਰਤੀਕਿਰਿਆ ਨੂੰ ਜਾਰੀ ਰੱਖਣ ਲਈ $875 ਮਿਲੀਅਨ ਦੀ ਵਿਵਸਥਾ ਕੀਤੀ ਗਈ ਹੈ।

ਹੈਲਥ-ਕੇਅਰ ਸਿਸਟਮ ਦੇ ਅੰਦਰ, ਇਹ ਜ਼ਰੂਰੀ ਹੈ ਕਿ ਉਹ ਲੋਕ ਜੋ ਮਾਨਸਿਕ ਸਿਹਤ, ਨਸ਼ੇ ਦੀ ਲਤ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸੰਘਰਸ਼ ਕਰਦੇ ਹਨ, ਉਸ ਸੰਭਾਲ ਨੂੰ ਲੱਭ ਸਕਣ ਅਤੇ ਉਸ ਨਾਲ ਜੁੜੇ ਰਹਿਣ, ਜਿਸ ਦੀ ਉਹਨਾਂ ਨੂੰ ਲੋੜ ਹੈ। $6.4 ਬਿਲੀਅਨ ਦੇ ਨਿਵੇਸ਼ ਦੇ ਹਿੱਸੇ ਵਜੋਂ, ਬੱਜਟ 2023 ਵਿੱਤੀ ਯੋਜਨਾ ਦੌਰਾਨ $1 ਬਿਲੀਅਨ ਤੋਂ ਵੱਧ ਦੀ ਨਵੀਂ ਫੰਡਿੰਗ ਤੈਅ ਕਰਦਾ ਹੈ, ਜਿਸ ਵਿੱਚ ਸੰਚਾਲਨ ਵਿੱਚ $867 ਮਿਲੀਅਨ ਅਤੇ ਪੂੰਜੀ ਨਿਵੇਸ਼ ਵਿੱਚ $169 ਮਿਲੀਅਨ ਸ਼ਾਮਲ ਹਨ।

- ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਕਾਰ ਨਾਲ ਸੰਘਰਸ਼ ਕਰ ਰਹੇ ਲੋਕਾਂ ਲਈ, $586 ਮਿਲੀਅਨ ਤੋਂ ਵੱਧ ਬੀ.ਸੀ. ਭਰ ਵਿੱਚ ਇਲਾਜ ਅਤੇ ਰਿਕਵਰੀ ਬੈਡਾਂ ਨੂੰ ਸ਼ਾਮਲ ਕਰਨਗੇ, ਲੋਕਾਂ ਦੀ ਰਿਕਵਰੀ ਦੇ ਪੂਰੇ ਸਫ਼ਰ ਦੌਰਾਨ ਉਹਨਾਂ ਦੀ ਸਹਾਇਤਾ ਕਰਨ ਲਈ, ਸੰਪੂਰਨ ਸੰਭਾਲ ਦੇ ਇੱਕ ਨਵੇਂ ਮਾਡਲ ਦਾ ਵਿਕਾਸ ਕਰਨਗੇ ਅਤੇ ਉਸ ਨੂੰ ਉਲੀਕਣਗੇ, ਰੈਪਅਰਾਊਂਡ ਸਹਾਇਤਾਵਾਂ ਦੀ ਸਿਰਜਣਾ ਕਰਨਗੇ, ਇੰਡੀਜਨਸ ਟ੍ਰੀਟਮੈਂਟ ਸੈਂਟਰਾਂ ਦਾ ਵਿਸਤਾਰ ਕਰਨਗੇ, ਅਤੇ ਲੰਬੇ ਸਮੇਂ ਦੌਰਾਨ ਲੋਕਾਂ ਅਤੇ ਉਹਨਾਂ ਦੀ ਰਿਕਵਰੀ ਵਿੱਚ ਸਹਾਇਤਾ ਕਰਨ ਲਈ, ਨਵੀਆਂ ਰਿਕਵਰੀ ਕਮਿਊਨਿਟੀਆਂ ਦਾ ਵਿਕਾਸ ਕਰਨਗੇ।
- ਸੂਬਾ ਸੰਭਾਲ ਦੇ 'ਰੈੱਡ ਫਿਸ਼ ਹੀਲਿੰਗ ਸੈਂਟਰ' ਮਾਡਲ ਦਾ ਸੂਬੇ ਦੇ ਹੋਰ ਖੇਤਰਾਂ ਵਿੱਚ ਵਿਸਤਾਰ ਕਰੇਗਾ ਤਾਂ ਜੋ ਵਧੇਰੇ ਲੋਕ ਘਰ ਦੇ ਨੇੜੇ ਗੁੰਝਲਦਾਰ ਮਾਨਸਿਕ-ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਮਸਲਿਆਂ ਲਈ ਸੰਭਾਲ ਪ੍ਰਾਪਤ ਕਰ ਸਕਣ।
- ਬੱਜਟ 2023 ਨੇ ਸੰਭਾਲ ਦੀ ਸੰਪੂਰਨ ਨਿਰੰਤਰਤਾ ਵਿੱਚ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਦੇ ਜ਼ਹਿਰੀਲੇਪਨ ਦੇ ਸੰਕਟ ਪ੍ਰਤੀ ਸੂਬੇ ਦੀ ਪ੍ਰਤੀਕਿਰਿਆ ਨੂੰ ਤੇਜ਼ ਕੀਤਾ ਹੈ, ਜਿਸ ਵਿੱਚ ਹੇਠ ਲਿਖੀਆਂ ਚੀਜ਼ਾਂ ਵਿੱਚ ਸਹਿਯੋਗ ਦੇਣ ਲਈ $183 ਮਿਲੀਅਨ ਹੋਰ ਸ਼ਾਮਲ ਹਨ:
  - ਬੱਚਿਆਂ, ਨੌਜਵਾਨਾਂ ਅਤੇ ਜਵਾਨ ਬਾਲਗਾਂ ਲਈ ਵਿਸਤਰਿਤ ਰੋਕਥਾਮ ਅਤੇ ਸ਼ੁਰੂਆਤੀ ਦਖਲਅੰਦਾਜ਼ੀ (ਇੰਟਰਵੈਨਸ਼ਨ) ਸੇਵਾਵਾਂ;
  - ਜ਼ਿੰਦਗੀਆਂ ਬਚਾਉਣ ਲਈ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਲਈ ਤਜਵੀਜ਼ ਕੀਤੇ (ਪ੍ਰਿਸਕ੍ਰਿਪਸ਼ਨ) ਸੁਰੱਖਿਅਤ ਵਿਕਲਪ;
  - ਦੋ ਮੋਬਾਈਲ ਰਿਸਪਾਂਸ ਪ੍ਰੋਗਰਾਮਾਂ ਦਾ ਵਿਸਤਾਰ ਕਰਨਾ: ਕਾਰ ਪ੍ਰੋਗਰਾਮ (Car Programs), ਜੋ ਪੁਲਿਸ ਅਤੇ ਹੈਲਥ ਵਰਕਰਾਂ ਨੂੰ ਇਕੱਠੇ ਕਰਦੇ ਹਨ, ਅਤੇ ਪੀਅਰ ਅਸਿਸਟਿਡ ਕੇਅਰ ਟੀਮਾਂ (PACTs), ਜਿਨ੍ਹਾਂ ਦੀ ਅਗਵਾਈ ਆਮ ਨਾਗਰਿਕਾਂ ਦੁਆਰਾ ਕੀਤੀ ਜਾਂਦੀ ਹੈ; ਅਤੇ
  - ਇੰਡੀਜਨਸ ਲੋਕਾਂ ਦੀ ਅਗਵਾਈ ਵਿੱਚ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ PACTs ਦੀ ਸਿਰਜਣਾ ਕਰਨ ਦੀ ਯੋਜਨਾ ਬਣਾਉਣਾ।
- ਬੀ.ਸੀ. ਦੇ ਨਵੇਂ ਹਾਊਸਿੰਗ ਨਿਵੇਸ਼ਾਂ ਅਤੇ ਤਾਜ਼ਾ ਹਾਊਸਿੰਗ ਯੋਜਨਾ ਰਾਹੀਂ, ਬੱਜਟ 2023 ਨੇ ਮਾਨਸਿਕ-ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਗੁੰਝਲਦਾਰ ਮੁੱਦਿਆਂ ਵਾਲੇ ਲੋਕਾਂ ਦੀ ਸਹਾਇਤਾ ਕਰਨ ਲਈ, ਹੋਰ 'ਕੌਂਪਲੈਕਸ ਕੇਅਰ' ਬੈਡਾਂ ਦੀ ਸਿਰਜਣਾ ਕਰਨ ਵਿੱਚ ਮਦਦ ਕਰਨ ਲਈ, ਤਿੰਨ ਸਾਲਾਂ ਦੌਰਾਨ ਕੈਪੀਟਲ ਫੰਡਿੰਗ ਵਿੱਚ $169 ਮਿਲੀਅਨ ਸਮਰਪਿਤ ਕੀਤੇ ਹਨ, ਜਿੰਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ, ਜੋ ਬੇਘਰ ਹਨ ਜਾਂ ਜਿੰਨ੍ਹਾਂ ਦੀਆਂ ਲੋੜਾਂ ਨੂੰ ਮੌਜੂਦਾ ਸੁਪੋਰਟਿਵ ਹਾਊਸਿੰਗ ਦੁਆਰਾ ਪੂਰਾ ਨਹੀਂ ਕੀਤਾ ਜਾਂਦਾ।

ਇਹ ਯਕੀਨੀ ਬਣਾਉਣ ਲਈ ਕਿ ਹੈਲਥ-ਕੇਅਰ ਸੈਂਟਰ ਅਤੇ ਹਸਪਤਾਲ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਸਭ ਤੋਂ ਵਧੀਆ ਸੰਭਵ ਸੰਭਾਲ ਪ੍ਰਦਾਨ ਕਰਾਉਣਾ ਜਾਰੀ ਰੱਖ ਸਕਣ, ਬੱਜਟ 2023 ਹੈਲਥ-ਕੇਅਰ ਦੇ ਬੁਨਿਆਦੀ ਢਾਂਚੇ ਲਈ ਹੁਣ ਤੱਕ ਦੇ ਸਭ ਤੋਂ ਵੱਡੇ ਪੂੰਜੀ ਨਿਵੇਸ਼ ਦੇ ਭਾਗ ਵਜੋਂ ਤਿੰਨ ਸਾਲਾਂ ਦੌਰਾਨ $11.2 ਬਿਲੀਅਨ ਨੂੰ ਸਮਰਪਿਤ ਕਰਦਾ ਹੈ। ਜਿਹੜੇ ਪ੍ਰਮੁੱਖ ਪ੍ਰੋਜੈਕਟਾਂ ਨੂੰ ਮਨਜ਼ੂਰ ਕੀਤਾ ਗਿਆ ਹੈ, ਉਹਨਾਂ ਵਿੱਚ ਸ਼ਾਮਲ ਹਨ:

- ਨਵਾਂ ਸੇਂਟ ਪੌਲਜ਼ ਹਸਪਤਾਲ, ਜਿਸ ਦੀ ਸਮਰੱਥਾ 2027 ਵਿੱਚ ਖੋਲੇ ਜਾਣ 'ਤੇ 548 ਮਰੀਜ਼ਾਂ ਦੇ ਬੈਡ ਦੀ ਹੈ, ਅਤੇ ਲਗਭਗ $2.2 ਬਿਲੀਅਨ ਦਾ ਅਨੁਮਾਨਿਤ ਬੱਜਟ;
- $1.7 ਬਿਲੀਅਨ ਤੋਂ ਵੱਧ ਦੇ ਅਨੁਮਾਨਿਤ ਬੱਜਟ ਦੇ ਨਾਲ, 2027 ਵਿੱਚ ਇੱਕ ਵਧ ਰਹੀ ਅਤੇ ਉਮਰ ਵਿੱਚ ਵੱਡੀ ਹੋ ਰਹੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ, ਨਵਾਂ ਸਰ੍ਹੀ ਹਸਪਤਾਲ ਅਤੇ ਕੈਂਸਰ ਸੰਭਾਲ ਸੈਂਟਰ;

ਕੋਵੀਚਨ ਅਤੇ ਡਿਸਟ੍ਰਿਕਟ ਹਸਪਤਾਲ ਰਿਪਲੇਸਮੈਂਟ ਪ੍ਰੋਜੈਕਟ 2027 ਵਿੱਚ ਖੋਲ੍ਹਿਆ ਜਾਵੇਗਾ ਜਿਸ ਦਾ ਬੱਜਟ $1.4 ਬਿਲੀਅਨ ਤੋਂ ਵੱਧ ਹੈ;

- ਲਗਭਗ $1.2 ਬਿਲੀਅਨ ਨਾਲ ਰੌਇਲ ਕੋਲੰਬੀਅਨ ਹਸਪਤਾਲ ਦਾ ਪੁਨਰ-ਵਿਕਾਸ ਅਤੇ ਵਿਸਤਾਰ ਦਾ ਪੜਾਅ 2 ਅਤੇ 3 ਅਤੇ ਐਕਿਊਟ ਕੇਅਰ ਟਾਵਰ, ਐਮਰਜੈਂਸੀ ਵਿਭਾਗ, ਅਤੇ ਓਪਰੇਟਿੰਗ ਕਮਰਿਆਂ ਦਾ ਪੁਨਰ-ਵਿਕਾਸ, ਐਕਿਊਟ ਕੇਅਰ ਟਾਵਰ ਨੂੰ 2025 ਵਿੱਚ ਖੋਲ੍ਹਣਾ;
- $860 ਮਿਲੀਅਨ ਤੋਂ ਵਧੇਰੇ ਦੇ ਅਨੁਮਾਨਿਤ ਬੱਜਟ ਦੇ ਨਾਲ ਐਕਿਊਟ ਕੇਅਰ ਟਾਵਰ ਦੀ ਥਾਂ ਲੈਣ ਲਈ ਅਤੇ 2031 ਵਾਸਤੇ ਸਮਰੱਥਾ ਦਾ ਵਿਸਤਾਰ ਕਰਨ ਲਈ ਰਿਚਮੰਡ ਹਸਪਤਾਲ ਦਾ ਪੁਨਰ-ਵਿਕਾਸ;
- $633 ਮਿਲੀਅਨ ਦੇ ਅਨੁਮਾਨਿਤ ਬੱਜਟ ਦੇ ਨਾਲ, ਟੈਰੇਸ ਵਿੱਚ ਮਿੱਲਸ ਮੈਮੋਰੀਅਲ ਹਸਪਤਾਲ ਨੂੰ ਪੁਨਰ ਸਥਾਪਤ ਕਰਨ ਨਾਲ ਮਰੀਜ਼ਾਂ ਲਈ ਬੈਡ ਸ਼ਾਮਲ ਕੀਤੇ ਜਾਣਗੇ ਅਤੇ 2026 ਲਈ ਇੱਕ ਖੇਤਰੀ ਮਾਨਸਿਕ ਸਿਹਤ ਰਿਹੈਬਲਿਟੇਸ਼ਨ ਅਤੇ ਰਿਕਵਰੀ ਪ੍ਰੋਗਰਾਮ ਦਾ ਵਿਸਤਾਰ ਹੋਵੇਗਾ;
- 2027 ਲਈ $378 ਮਿਲੀਅਨ ਦੇ ਅਨੁਮਾਨਿਤ ਬੱਜਟ ਦੇ ਨਾਲ ਡੌਸਨ ਕ੍ਰੀਕ ਅਤੇ ਡਿਸਟ੍ਰਿਕਟ ਹਸਪਤਾਲ ਨੂੰ ਪੁਨਰ ਸਥਾਪਤ ਕਰਨ ਨਾਲ, 2027 ਲਈ ਮਰੀਜ਼ਾਂ ਲਈ ਹੋਰ ਬੈਡ ਅਤੇ ਐਮਰਜੈਂਸੀ ਵਿਭਾਗ ਦਾ ਵਿਸਤਾਰ, ਸਰਜੀਕਲ ਅਤੇ ਓਪਰੇਟਿੰਗ ਥਾਂ ਅਤੇ ਐਂਬੂਲੇਟਰੀ ਕੇਅਰ ਸੇਵਾਵਾਂ ਸ਼ਾਮਲ ਕੀਤੀਆਂ ਜਾਣਗੀਆਂ।

**ਸੁਰੱਖਿਅਤ ਅਤੇ ਸਿਹਤਮੰਦ ਭਾਈਚਾਰਿਆਂ ਦਾ ਨਿਰਮਾਣ ਕਰਨਾ ਅਤੇ ਨਿਆਂ ਤੱਕ ਪਹੁੰਚ ਵਿੱਚ ਸੁਧਾਰ ਕਰਨਾ**

ਬੱਜਟ 2023 ਲੋਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਨਵੀਆਂ ਅਤੇ ਵਿਸਤਰਿਤ ਲਾਗੂਕਰਨ ਅਤੇ ਦਖਲਅੰਦਾਜ਼ੀ ਸੇਵਾਵਾਂ ਵਾਸਤੇ ਫੰਡ ਸਹਾਇਤਾ ਦਿੰਦਾ ਹੈ। ਸੁਰੱਖਿਅਤ ਅਤੇ ਸਿਹਤਮੰਦ ਭਾਈਚਾਰਿਆਂ ਨੂੰ ਨਵੇਂ ਸਿਹਤ ਅਤੇ ਮਾਨਸਿਕ-ਸਿਹਤ ਨਿਵੇਸ਼ਾਂ ਦੁਆਰਾ ਸਹਾਇਤਾ ਦਿੱਤੀ ਜਾਵੇਗੀ, ਜਿੰਨ੍ਹਾਂ ਵਿੱਚ ਇਲਾਜ ਸੇਵਾਵਾਂ, ਸੁਰੱਖਿਅਤ ਸਪਲਾਈ, ਕੌਂਪਲੈਕਸ ਕੇਅਰ ਹਾਊਸਿੰਗ ਅਤੇ ਨਵੀਆਂ ਏਕੀਕਿਰਤ ਕਮਿਊਨਿਟੀ ਰਿਸਪਾਂਸ ਟੀਮਾਂ ਸ਼ਾਮਲ ਹਨ।

ਸਮੁੱਚੀ ਵਿੱਤੀ ਯੋਜਨਾ ਵਿੱਚ, ਬੱਜਟ 2023 ਨੇ ਸੁਰੱਖਿਅਤ ਭਾਈਚਾਰਿਆਂ ਦਾ ਨਿਰਮਾਣ ਕਰਨ, ਨਿਆਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਅਤੇ ਮਾਨਸਿਕ-ਸਿਹਤ ਅਤੇ ਨਸ਼ੇ ਦੀਆਂ ਲਤਾਂ ਦੀਆਂ ਚੁਣੌਤੀਆਂ ਵਾਲੇ ਲੋਕਾਂ ਵਾਸਤੇ ਜੁੜੀ ਹੋਈ, ਸਾਂਝੀ ਸਹਾਇਤਾ ਦੀ ਸਿਰਜਣਾ ਕਰਨ ਵਿੱਚ ਮਦਦ ਕਰਨ ਲਈ $462 ਮਿਲੀਅਨ ਤੈਅ ਕੀਤੇ ਹਨ। ਬੱਜਟ 2023 ਰਾਹੀਂ ਫੰਡ ਕੀਤੀਆਂ ਗਈਆਂ ਬਹੁਤ ਸਾਰੀਆਂ ਪਹਿਲਕਦਮੀਆਂ ਦੀ ਘੋਸ਼ਣਾ ਨਵੰਬਰ 2022 ਵਿੱਚ ਬੀ.ਸੀ. ਦੀ 'ਸੇਫਰ ਕਮਿਊਨਿਟੀਜ਼ ਐਕਸ਼ਨ ਪਲਾਨ' ਦੇ ਹਿੱਸੇ ਵਜੋਂ ਕੀਤੀ ਗਈ ਸੀ।

- ਸੂਬਾਈ ਪੁਲਿਸ ਸੇਵਾਵਾਂ ਦੁਆਰਾ ਸੇਵਾਵਾਂ ਪ੍ਰਦਾਨ ਕੀਤੇ ਜਾਂਦੇ ਭਾਈਚਾਰਿਆਂ ਲਈ, $230-ਮਿਲੀਅਨ ਦਾ ਵਾਧਾ ਲਾਗੂਕਰਨ ਅਤੇ ਅਪਰਾਧ ਦੀ ਰੋਕਥਾਮ ਕਰਨ ਦੀ ਸਮਰੱਥਾ ਵਿੱਚ ਵਾਧਾ ਕਰਨ ਲਈ, ਖਾਸ ਕਰਕੇ ਪੇਂਡੂ, ਦੂਰ-ਦੁਰਾਡੇ ਅਤੇ ਇੰਡੀਜਨਸ ਭਾਈਚਾਰਿਆਂ ਵਾਸਤੇ, 256 RCMP ਅਫਸਰਾਂ ਨੂੰ ਨੌਕਰੀ 'ਤੇ ਰੱਖਣ ਵਿੱਚ ਮਦਦ ਕਰੇਗਾ। ਇਹ ਪੁਲਿਸ ਨੂੰ ਹਿੰਸਕ ਅਪਰਾਧਾਂ ਅਤੇ ਜਨਤਕ ਸੁਰੱਖਿਆ ਦੇ ਹੋਰ ਦਬਾਅ ਪਾਉਣ ਵਾਲੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰੇਗਾ।
- ਨਵੀਂ ਫੰਡ ਸਹਾਇਤਾ ਵਿੱਚ ਲਗਭਗ $87 ਮਿਲੀਅਨ, ਦੋ ਨਵੇਂ ਲਾਗੂਕਰਨ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਨ ਵਿੱਚ ਮਦਦ ਕਰ ਰਹੇ ਹਨ: ਨਵਾਂ 'ਰਿਪੀਟ ਵਾਏਲੈਂਟ ਓਫ਼ੈਨਡਿੰਗ ਇੰਟਰਵੈਨਸ਼ਨ ਇਨੀਸ਼ੀਏਟਿਵ', ਅਤੇ ਨਵਾਂ 'ਸਪੈਸ਼ਲ ਇਨਵੈਸਟੀਗੇਸ਼ਨ ਐਂਡ ਟਾਰਗੇਟਡ ਇਨਫੋਰਸਮੈਂਟ' (SITE) ਪ੍ਰੋਗਰਾਮ, ਤਾਂ ਜੋ ਅਪਰਾਧ ਦੁਹਰਾਉਣ ਨੂੰ ਘੱਟ ਕਰਨ, ਅਪਰਾਧਕ ਨਿਆਂ ਨਾਲ ਨਜਿੱਠਣ ਵਿੱਚ ਸੁਧਾਰ ਕਰਨ ਅਤੇ ਨਿਆਂ ਭਾਈਵਾਲਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਵਿੱਚ ਤੇਜ਼ੀ ਲਿਆਉਣ ਵਿੱਚ ਮਦਦ ਕੀਤੀ ਜਾ ਸਕੇ।
- ਬੀ.ਸੀ. ਵਿੱਚ ਪੁਲਿਸਿੰਗ ਨੂੰ ਆਧੁਨਿਕ ਬਣਾਉਣਾ ਜਾਰੀ ਰੱਖਣ ਲਈ, ਬੱਜਟ 2023 ਵਿੱਚ ਨਵੇਂ ਪੁਲਿਸਿੰਗ ਅਤੇ ਪੁਲਿਸ ਨਿਗਰਾਨੀ ਕਨੂੰਨ ਵਿੱਚ ਯੋਗਦਾਨ ਪਾਉਣ ਲਈ ਸਲਾਹ-ਮਸ਼ਵਰੇ ਅਤੇ ਜਨਤਕ ਰੁਝੇਵਿਆਂ ਲਈ $25 ਮਿਲੀਅਨ ਨਿਰਧਾਰਤ ਕੀਤੇ ਗਏ ਹਨ।

- ਲੱਗਭਗ $21 ਮਿਲੀਅਨ ਕੈਨਾਬਿਸ ਨੂੰ ਲਾਇਸੰਸ ਦੇਣ ਦੇ ਆਪਰੇਸ਼ਨਾਂ ਵਿੱਚ ਮਦਦ ਕਰਨਗੇ, ਜਿਸ ਵਿੱਚ ਕੈਨਾਬਿਸ ਲਈ ਲਾਇਸੰਸ ਦੇਣ ਦਾ ਸਿਸਟਮ, ਸਰਵਿਸ ਡਿਲਵਰੀ ਨੂੰ ਸੁਚਾਰੂ ਬਣਾਉਣਾ ਅਤੇ ਨਿਯਮਾਂ ਦੀ ਪਾਲਣਾ ਅਤੇ ਲਾਗੂਕਰਨ ਨੂੰ ਮਜ਼ਬੂਤ ਕਰਨਾ ਵੀ ਸ਼ਾਮਲ ਹੈ।

ਜਨਵਰੀ 2023 ਵਿੱਚ, ਬ੍ਰਿਟਿਸ਼ ਕੋਲੰਬੀਆ ਪਹਿਲਾ ਸੂਬਾ ਬਣ ਗਿਆ ਜਿਸ ਨੇ ਨਿੱਜੀ ਵਰਤੋਂ ਵਾਸਤੇ ਗੈਰ-ਕਨੂੰਨੀ ਦਵਾਈਆਂ ਨੂੰ ਛੋਟੀਆਂ ਮਾਤਰਾਵਾਂ ਵਿੱਚ ਰੱਖਣ ਨੂੰ 'ਡੀਕ੍ਰਿਮਨਲਾਈਜ਼' ਕਰ ਦਿੱਤਾ ਹੈ। 'ਡੀਕ੍ਰਿਮਨਲਾਈਜ਼ੇਸ਼ਨ' (ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਨੂੰ ਨਿੱਜੀ ਵਰਤੋਂ ਲਈ ਆਪਣੇ ਕੋਲ ਰੱਖਣ ਨੂੰ ਅਪਰਾਧ ਦੇ ਦਾਇਰੇ 'ਚੋਂ ਬਾਹਰ ਕਰਨ ਦੀ ਛੋਟ) ਨੂੰ ਅੱਗੇ ਵਧਾਉਣ ਲਈ, ਬੱਜਟ 2023 ਬਦਨਾਮੀ ਦੇ ਡਰ ਨੂੰ ਘੱਟ ਕਰਨ ਅਤੇ ਲਾਗੂਕਰਨ ਦਾ ਮੁਲਾਂਕਣ ਕਰਨ ਵਿੱਚ ਮਦਦ ਕਰਨ ਲਈ ਤਿੰਨ ਸਾਲਾਂ ਦੌਰਾਨ $19 ਮਿਲੀਅਨ ਪ੍ਰਦਾਨ ਕਰਦਾ ਹੈ।

ਇਹ ਜਾਣਨਾ ਕਿ ਬ੍ਰਿਟਿਸ਼ ਕੋਲੰਬੀਆ ਦੀ ਕਨੂੰਨੀ ਪ੍ਰਣਾਲੀ ਕਮਿਊਨਿਟੀ ਵਿੱਚ ਹਰ ਕਿਸੇ ਦੀ ਸਹਾਇਤਾ ਕਰੇਗੀ ਅਤੇ ਸੇਵਾਵਾਂ ਦੇਵੇਗੀ, ਇੱਕ ਸੁਰੱਖਿਅਤ, ਮਹਿਫੂਜ਼ ਸੂਬੇ ਦੀ ਸਿਰਜਣਾ ਕਰਨ ਦਾ ਇੱਕ ਅਹਿਮ ਭਾਗ ਹੈ। ਸੂਬੇ ਦੀ ਵੰਨ-ਸੁਵੰਨੀ ਬਣਤਰ ਦਾ ਸਮਰਥਨ ਕਰਨ ਵਾਲੀਆਂ ਅਤੇ ਇਹਨਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸੇਵਾਵਾਂ ਦੇ ਨਾਲ ਵਧੇਰੇ ਸੁਰੱਖਿਅਤ ਭਾਈਚਾਰਿਆਂ ਦਾ ਨਿਰਮਾਣ ਕਰਨ ਲਈ ਤਿੰਨ ਸਾਲਾਂ ਦੌਰਾਨ ਹੋਰ $80 ਮਿਲੀਅਨ ਨਿਆਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਲਈ ਸਮਰਪਿਤ ਕੀਤਾ ਜਾਵੇਗਾ।

- ਬੀ ਸੀ ਫਰਸਟ ਨੇਸ਼ਨਜ਼ ਜਸਟਿਸ ਕਾਊਂਸਿਲ (BC First Nations Justice Council) ਦੇ ਨਾਲ ਭਾਈਵਾਲੀ ਵਿੱਚ, ਅਗਲੇ ਦੋ ਸਾਲਾਂ ਦੌਰਾਨ 10 ਨਵੇਂ 'ਇੰਡੀਜਨਸ ਜਸਟਿਸ ਸੈਂਟਰ' ਖੁੱਲ੍ਹਣਗੇ ਤਾਂ ਜੋ ਮੁਫ਼ਤ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਥਾਂਵਾਂ ਪ੍ਰਦਾਨ ਕੀਤੀਆਂ ਜਾ ਸਕਣ, ਜੋ ਇੰਡੀਜਨਸ (ਮੂਲਵਾਸੀ) ਲੋਕਾਂ ਵਾਸਤੇ ਕਨੂੰਨੀ ਮਦਦ, ਅਰਲੀ ਰੈਜ਼ੋਲਿਊਸ਼ਨ ਪ੍ਰੋਗਰਾਮ, ਸਹਾਇਤਾ ਅਤੇ ਪ੍ਰਤੀਨਿਧਤਾ ਮੁਹਈਆ ਕਰਦੇ ਹਨ। ਯੋਜਨਾ ਵਿੱਚ $44 ਮਿਲੀਅਨ ਦੀ ਮਦਦ ਨਾਲ, ਇੰਡੀਜਨਸ ਨਿਆਂ ਕੇਂਦਰਾਂ ਦਾ ਨੈੱਟਵਰਕ 15 ਲੋਕੇਸ਼ਨਾਂ ਅਤੇ ਇੱਕ ਵਰਚੁਅਲ ਸੈਂਟਰ ਤੱਕ ਫੈਲ ਜਾਵੇਗਾ, ਜੋ ਅਪਰਾਧਕ ਨਿਆਂ ਪ੍ਰਣਾਲੀ ਵਿੱਚ ਮੂਲਵਾਸੀ ਲੋਕਾਂ ਦੀ ਹੱਦੋਂ ਵੱਧ ਪ੍ਰਤੀਨਿਧਤਾ ਨਾਲ ਨਜਿੱਠਣ ਦੇ ਅਹਿਮ ਕੰਮ ਵਿੱਚ ਮਦਦ ਕਰੇਗਾ।
- ਤਿੰਨ ਸਾਲਾਂ ਦੌਰਾਨ $13.5 ਮਿਲੀਅਨ ਦੇ ਹੋਰ ਵਾਧੇ ਦੇ ਨਾਲ, 'ਬੀ ਸੀ ਹਿਊਮਨ ਰਾਈਟਸ ਟ੍ਰਾਇਬਿਊਨਲ' ਨੂੰ ਟ੍ਰਾਇਬਿਊਨਲ ਵਿਖੇ ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨ ਲਈ ਫੰਡ ਸਹਾਇਤਾ ਦੇਣ ਵਿੱਚ ਜ਼ਿਕਰਯੋਗ ਵਾਧਾ ਨਜ਼ਰ ਆਵੇਗਾ ਅਤੇ 'ਕਮਿਊਨਿਟੀ ਲੀਗਲ ਅਸਿਸਟੈਂਸ ਸੋਸਾਇਟੀ' ਵਧੇਰੇ ਲੋੜਵੰਦ ਲੋਕਾਂ ਨੂੰ ਮੁਫ਼ਤ ਕਨੂੰਨੀ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰੇਗੀ।
- ਵਿੱਤੀ ਯੋਜਨਾ ਵਿੱਚ ਲਗਭਗ $16 ਮਿਲੀਅਨ ਅਦਾਲਤੀ ਸੁਣਵਾਈਆਂ ਵਿੱਚ ਤੇਜ਼ੀ ਲਿਆਉਣ ਲਈ ਵਰਚੁਅਲ ਅਤੇ ਕੰਮ ਦੇ ਘੰਟਿਆਂ ਤੋਂ ਬਾਅਦ (after-hours) ਜ਼ਮਾਨਤ ਦੀਆਂ ਸੁਣਵਾਈਆਂ ਵਿੱਚ ਮਦਦ ਕਰਨਗੇ। ਵਰਚੁਅਲ ਜ਼ਮਾਨਤ ਦੋਸ਼ੀ ਵਿਅਕਤੀਆਂ ਨੂੰ ਆਪਣੀਆਂ ਸਥਾਨਕ ਕਮਿਊਨਿਟੀਆਂ ਵਿੱਚ ਜ਼ਮਾਨਤ ਸੁਣਵਾਈਆਂ ਵਿੱਚ ਸ਼ਾਮਲ ਹੋਣ ਦੇ ਸਮਰੱਥ ਬਣਾਉਂਦੀ ਹੈ, ਇੱਕ ਵੱਡੇ ਸ਼ਹਿਰ ਤੱਕ ਸਫ਼ਰ ਕਰਨ ਦੀ ਬਜਾਏ ਜਿੱਥੇ ਉਹ ਪਰਿਵਾਰ ਅਤੇ ਭਾਈਚਾਰੇ ਦੀਆਂ ਸਹਾਇਤਾਵਾਂ ਤੋਂ ਟੁੱਟ ਜਾਂਦੇ ਹਨ।
- ਨਿਆਂ ਵਿੱਚ ਹੋਰ ਨਿਵੇਸ਼ਾਂ ਵਿੱਚ ਇੰਡੀਪੈਂਡੰਟ ਇਨਵੈਸਟੀਗੇਸ਼ਨਜ਼ ਔਫਿਸ (Independent Investigations Office) ਲਈ ਪ੍ਰਤੀ ਸਾਲ $2 ਮਿਲੀਅਨ ਦਾ ਆਧਾਰ-ਬੱਜਟ ਵਾਧਾ ਸ਼ਾਮਲ ਹੈ, ਜੋ ਮੌਤ ਜਾਂ ਗੰਭੀਰ ਨੁਕਸਾਨ ਦੀਆਂ ਘਟਨਾਵਾਂ ਦੀ ਜਾਂਚ ਕਰਦਾ ਹੈ, ਜਿੰਨ੍ਹਾਂ ਵਿੱਚ ਕੋਈ ਪੁਲਿਸ ਅਫਸਰ ਸ਼ਾਮਲ ਹੋ ਸਕਦਾ ਹੈ।

**ਸੰਪਰਕ :**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 208-7705